# mzhbI qA~sub Bwg 2

ਅਕਾਲ ਪੁਰਖ ਨੇ ਇਨਸਾਨ ਨੂੰ, ਆਪਣੇ ਸਰੂਪ ਵਿਚ ਘੜਿਆ ਹੈ।

ਇਨਸਾਨ ਅੰਦਰ ਜੋ ਆਤਮਾ ਹੈ, ਉਹ ਅਕਾਲ ਪੁਰਖ ਦੀ ਹੀ ਜੋਤਿ ਜਾਂ ਉਸ ਦਾ ਹੀ ਪ੍ਰਕਾਸ਼ ਹੈ। ਪੰਜ ਭੌਤਿਕ ਸਰੀਰ ਨੂੰ ਜੀਵਨ ਦੇਣ ਵਾਲੀ ਇਹ 'ਜੋਤਿ' ਹੀ ਹੈ, ਜਿਸ ਨੂੰ ਉਸ ਸਿਰਜਨਹਾਰੇ ਨੇ ਆਪ ਇਸ ਸਰੀਰ ਵਿਚ ਰੱਖਿਆ ਹੈ—

''ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥'' (ਪੰਨਾ-੯੨੧)

ਫਿਰ ਗੁਰਬਾਣੀ ਵਿਚ ਇਹ ਤਾਕੀਦ ਕੀਤੀ ਹੈ ਕਿ ਹੇ ਮਨ, ਤੂੰ ਆਪਣੀ ਮੂਲ ਜੋਤਿ ਨੂੰ ਪਛਾਣ—

''ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥'' (ਪੰਨਾ-੪੪੧)

ਜਦੋਂ ਸਾਡੇ ਅੰਦਰ ਅਕਾਲ ਪੁਰਖ ਦੀ ਜੋਤਿ ਵਸ ਰਹੀ ਹੈ, ਤਾਂ ਫਿਰ ''ਜੋਤਿ ਸਰੂਪ'' ਵਾਲੇ, ਸਾਰੇ ਇਲਾਹੀ ਗੁਣ ਭੀ, ਇਨਸਾਨੀ-ਆਤਮਾ ਵਿਚ ਹੋਣੇ ਲਾਜ਼ਮੀ ਹਨ। ਪਰੰਤੂ ਜੇਕਰ ਅਜਿਹਾ ਦਿਖਾਈ ਨਹੀਂ ਦਿੰਦਾ, ਤਾਂ ਇਸ ਦਾ ਕਾਰਨ ਕੀ ਹੈ?

ਮਾਇਕੀ ਭਰਮ-ਭੁਲਾਵੇ ਵਿਚ, ਹਉਮੈ ਦੇ ਅਧੀਨ, ਇਨਸਾਨ ਦੇ ''ਜੋਤ-ਸਰੂਪੀ'' ਮਨ ਦੇ ਉਦਾਲੇ, 'ਮਾਇਆ' ਦੀ ਕਾਲਖ ਚੜ੍ਹ ਗਈ ਹੈ। ਇਹ ਕਾਲਖ ਜਾਂ 'ਮੈਲ', ਮਨ ਉਤੇ, ਸਿਰਫ਼ ਇਸ ਜਨਮ ਵਿਚ ਹੀ ਨਹੀਂ, ਬਲਕਿ ਪਿਛਲੇ ਜਨਮਾਂ ਤੋਂ ਚਲੀ ਆਈ ਹੈ।

''ਜਨਮ ਜਨਮ ਕੀ ਇਸ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥ (ਪੰਨਾ-੬੫੧)

ਮਾਇਆ ਦੇ ਭਰਮ-ਭੁਲਾਵੇ ਦੇ ਹਨੇਰ ਵਿਚ, ਅਸੀਂ ਆਪਣੇ 'ਜੋਤ-ਸਰੂਪੀ' 'ਅਸਲੇ' ਯਾ **'ਵਿਰਾਸਤ' ਨੂੰ ਭੁਲ ਗਏ ਹਾਂ**, ਜਿਸ ਕਾਰਨ ਅਸੀਂ 'ਹਉਮੈ' ਅਤੇ 'ਮੈਂ-ਮੇਰੀ' ਦੀ ਭਾਵਨਾ ਵਿਚ ਪਰਵਿਰਤ ਹੋ ਗਏ ਹਾਂ।

''ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥'' (ਪੰਨਾ-੯੨੧)

'ਹਉਮੈ'—'ਮੈਂ-ਮੇਰੀ' ਦੀ ਅਗਿਆਨਤਾ ਵਿਚ, ਅਸੀਂ ਪਰਵਿਰਤ ਹੋ ਕੇ, ਸੋਚਦੇ ਅਤੇ ਕਰਮ ਕਰਦੇ ਹਾਂ, ਅਤੇ ਨਤੀਜੇ ਭੁਗਤਦੇ ਹਾਂ।

''ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥'' (ਪੰਨਾ-੧੩੪)



## LEKH 108 RELIGIOUS FANATICISM PART 2

The Timeless Being has fashioned man in his own image.

The soul that is in man is indeed the light of that Timeless Being or is in fact His manifestation. It is indeed this 'light' that gives life to the body which is made up of the five elements and it is the creator who has put it in the body.

*1 O my body, the Lord infused His Light into you, and then you came into the world. (921)*

Then Gurbani has urged the mind to recognize the origin of its light.

*2 O my mind, you are the embodiment of the Divine Light - recognize your own origin (441)*

As the light of the Timeless Being is infused in us, then it is inevitable that all the divine virtues with the 'image of Divine light' will be in the human-soul too. But if we are not seeing this, then what is the reason?

In materialistic doubt-fallacy, under the influence of egotism, surrounding the human mind, the embodiment of Divine light, is the black soot of 'materialism'. This blackness or 'filth' which is surrounding the mind not only from this life but it has been there from previous lives as well.

*3 The filth of countless incarnations sticks to this mind; it has become pitch black. (651)*

In the darkness of the illusion of materialism, we have forgotten our 'origin' of the 'embodiment of Divine light' or we can say that we have forgotten our 'inheritance' as a result of which we pursuing our life with feelings of 'egotism' and 'me-miness'.

*4 Love for the Lord wears off, and the child becomes attached to desires; the script of Maya runs its course. (921)*

Having become involved in worldly activity, we think and act in the ignorance of 'egotism'—'me-miness' and suffer the consequences.

*5 As man sows so does he reap. Such is the field of action.. (134)*

"ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰਿ ਜਨਾ ॥ (ਪੰਨਾ-੪੩੩)

ਅਸੀਂ ਆਪਣ **ਪਾਪਾਂ ਤੋਂ ਬਚਣ ਲਈ** ਅਤੇ ਆਤਮਿਕ ਲੋੜਾਂ ਦੀ **ਪੂਰਤੀ ਲਈ,** ਕੋਈ ਨ ਕੋਈ ਧਰਮ ਯਾ **'ਮਜ਼ਹਬ' ਧਾਰਦੇ ਹਾਂ।**

ਹਉਮੈ ਅਤੇ **'ਮੈਂ-ਮੇਰੀ'** ਵਾਲੀ ਬਿਰਤੀ ਨਾਲ, ਇਨਸਾਨ ਆਪੋ ਆਪਣੇ ਖ਼ਿਆਲਾਂ, ਨਿਸਚਿਆਂ, ਧਰਮ, ਯਾ ਮਜ਼ਹਬ ਨੂੰ ਹੀ **ਵਿਸ਼ੇਸ਼ਤਾ ਦਿੰਦਾ ਹੈ,** ਅਤੇ ਉਨ੍ਹਾਂ ਦੀ ਵਡਿਆਈ ਕਰਦਾ ਹੈ, ਪਰੰਤੂ **ਹੋਰਨਾਂ ਦੇ ਧਰਮਾਂ ਦੀ ਨਿਖੇਧੀ ਕਰਦਾ ਹੈ।**

ਇਸ ਤਰ੍ਹਾਂ, ਇਹ **'ਅਪਣੱਤ'** ਹੀ—

**ਖਿਚੋਤਾਣ**
**ਖ਼ੁਦ-ਗਰਜ਼ੀ**
ਵੈਰ-ਵਿਰੋਧ
**ਵਾਦ-ਵਿਵਾਦ**
**ਨਫ਼ਰਤ**
**ਤਅੱਸੁਬ**
**ਲੜਾਈ**
ਜ਼ੁਲਮ

**ਦਾ ਕਾਰਨ ਬਣਦੀ ਹੈ।**

ਧਰਮ ਯਾ 'ਮਜ਼ਹਬ' ਦੀ ਬਾਬਤ ਸਾਡੇ—

ਖ਼ਿਆਲ
ਨਿਸਚੇ
**ਸ਼ਰਧਾ**
**ਕਰਮ-ਕਾਂਡ**
ਜਗਿਆਸਾ,

ਸਾਡੇ **'ਭਰਮ-ਭੁਲਾਵੇ' ਵਿਚੋਂ ਉਪਜਦੇ ਹਨ,** ਅਤੇ ਇਹਨਾਂ ਉਤੇ 'ਹਉਮੈ' ਯਾ **'ਮੈ-ਮੇਰੀ' ਦੀ 'ਰੰਗਤ' ਚੜ੍ਹੀ ਹੁੰਦੀ ਹੈ।**

ਇਸ ਲਈ, **ਆਪੂੰ ਧਾਰੇ ਹੋਏ ਧਾਰਮਿਕ ਖ਼ਿਆਲ ਅਤੇ ਨਿਸਚੇ** :—

ਓਪਰੇ ਜਿਹੇ
ਦਿਖਾਵੇ ਮਾਤਰ
ਰੀਸੋ-ਰੀਸੀ
ਮਾਨਸਿਕ ਤਸੱਲੀ

**ਵਾਲੇ ਹੀ ਹੁੰਦੇ ਹਨ।**

L108.2

*Whatever I did, for that I have suffered; I do not blame anyone else. (433)*

We adopt some religion or creed to be safe from sins and to fulfil spiritual needs.

With the tendency of egotism and 'me-mineness', man gives special attention to his own thoughts, beliefs, religion or creed and talks good of them, but condemns other religions.

Thus it is this 'ego' that becomes the cause of—

Tension
Selfishness
Opposition-enmity
Arguments
Hatred
Fanaticism
Fights
Tyranny.

Our

Thoughts
Beliefs
Faith
Rites-rituals
quest

about our religion or creed arise from our illusions and the 'colouring of 'egotism' or 'me-mineness' is mounted on them.

For this reason, self-adopted religious thoughts and beliefs are just—

Superficial
Display
Imitation
Mental assurance.

LEKH 108.2

ਪਰ, ਜੇ ਗਹੁ ਨਾਲ ਡੂੰਘਾ ਵਿਚਾਰਿਆ ਜਾਵੇ, ਤਾਂ ਅਨੁਭਵ ਹੋਵੇਗਾ, ਕਿ

'ਰੱਬ' ਇਕ ਹੈ

'ਹੁਕਮ' ਇਕ ਹੈ

'ਜੋਤਿ' ਇਕ ਹੈ

'ਪ੍ਰਕਾਸ਼' ਇਕ ਹੈ

'ਸਬਦੁ' ਇਕ ਹੈ

'ਬਾਣੀ' ਇਕ ਹੈ

'ਕੁਦਰਤ' ਇਕ ਹੈ

ਇਸ **'ਏਕੇ' ਦੇ 'ਸਰੂਪਾਂ'** ਨੂੰ ਗੁਰਬਾਣੀ ਵਿਚ, ਇਉਂ ਦਰਸਾਇਆ ਗਿਆ ਹੈ : —

"ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥ ੨ ॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥ ੩ ॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ **ਕੇਵਲ ਏਕ ਮੁਰਾਰੀ** ॥ ੪ ॥ (ਪੰਨਾ-੪੮੫)

"ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥" (ਪੰਨਾ-੧੩੮੧)

"ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
**ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ ॥** (ਅਕਾਲ ਉਸਤਤਿ ਪਾ: ੧੦)



But if close attention is paid then it will be realized that

'God' is one

'Command' is one

'Light' is one

'Manifestation' is one

'Word' is one

'Bani' is one

'Nature' is one

This **'image'** of **'One'** is described in Gurbani as follows—

1 *a) In the one and in the many, He is pervading and permeating; wherever I look, there He is.*
*The marvellous image of Maya is so fascinating; how few understand this.*
*b) God is everything, God is everything. Without God, there is nothing at all.*
*As one thread holds hundreds and thousands of beads, He is woven into His creation.*
*c) The waves of the water, the foam and bubbles, are not distinct from the water.*
*This manifested world is the playful game of the Supreme Lord God; reflecting upon it, we find that it is not different from Him.*
*d) False doubts and dream objects - man believes them to be true.*
*The Guru has instructed me to try to do good deeds, and my awakened mind has accepted this.*
*e) Says Naam Dayv, see the Creation of the Lord, and reflect upon it in your heart.*
*In each and every heart, and deep within the very nucleus of all, is the One Lord. (485)*

2 *Fareed, the Creator is in the Creation, and the Creation abides in God.*
*Whom can we call bad? There is none without Him. (1381)*

3 *a) The temple and the mosque are the same, there is no difference between a Hindu worship and Muslim prayer; all the human beings are the same, but the illusion is of various types .*
*b) The gods, demons, Yakshas, Gandharvas, Turks and Hindus... all these are due to the differences of the various garbs of different countries.*
*c) The eyes are the same, the ears the same, the bodies are the same and the habits are the same, all the creation is the amalgam of earth, air, fire and water.*
*d) Allah of Muslims and Abhekh (Guiseless) of Hindus are the same, the Puranas of Hindus and the holy Quran of the Muslims depict the same reality; all have been created in the image of the same Lord and have the same formation. 16.86.*
*(Akal Ustat P10)*

"ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਈ ਬ੍ਰਹਮਚਾਰੀ ਕੋਊ ਜਤੀਅਨ ਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ
**ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥"** (ਅਕਾਲ ਉਸਤਤਿ ਪਾ: ੧੦)

**ਸਾਰੇ 'ਜੀਵ' ਇਕ ਇਲਾਹੀ 'ਜੋਤ' ਤੋਂ ਪ੍ਰਗਟ ਹੋਏ ਹਨ ।** ਸਾਡਾ ਮੂਲ ਸਰੋਤ ਅਤੇ **ਵਿਰਸਾ ਭੀ ਇਕੋ ਹੀ ਹੈ ।** ਇਸ ਲਈ ਸਾਰੇ ਲੋਕਾਂ ਦਾ **ਇਖ਼ਲਾਕੀ ਅਤੇ ਧਾਰਮਿਕ** ਫ਼ਰਜ਼ ਬਣਦਾ ਹੈ, ਕਿ ਉਹ ਆਪਸ ਵਿਚ :—

| | | | |
|---|---|---|---|
| ਮੁਖ਼ਾਲਫ਼ਤ | ਦੀ | ਬਜਾਏ | ਰਵਾਦਾਰੀ |
| ਵੈਰ ਵਿਰੋਧ | ਦੀ | ਬਜਾਏ | ਮੈਤਰੀ ਭਾਵ |
| ਘਿਰਣਾ | ਦੀ | ਬਜਾਏ | ਪਿਆਰ |
| ਤਅੱਸੁਬ | ਦੀ | ਬਜਾਏ | ਵਿਸ਼ਾਲਤਾ |
| ਝਗੜਿਆਂ | ਦੀ | ਬਜਾਏ | ਮਿਲਾਪ |
| ਦਿਲ ਤੋੜਨ | ਦੀ | ਬਜਾਏ | ਦਿਲ ਜੋੜਨ |
| ਤਬਾਹੀ | ਦੀ | ਬਜਾਏ | ਉਸਾਰੂ |

**ਵਿਚਾਰ-ਭਾਵਨਾ ਨਾਲ 'ਮਿਲ-ਜੁਲ' ਕੇ ਵਰਤ-ਵਰਤਾਰਾ ਕਰਨ ।**

ਗੁਰਬਾਣੀ ਸਾਡੀ ਇਸ ਵਿਸ਼ੇ ਸੰਬੰਧੀ ਇਉਂ **ਅਗਵਾਈ ਕਰਦੀ ਹੈ** --

"ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥ (ਪੰਨਾ-੧੩੭੮)

"ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖਿ ॥" (ਪੰਨਾ-੧੩੭੮)

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥" (ਪੰਨਾ-੧੩੮੨)

"ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥" (ਪੰਨਾ-੧੩੮੪)

ਅਕਾਲ ਪੁਰਖ ਨੇ ਹਰ ਇਕ ਜੀਵ ਨੂੰ—

**ਖ਼ਿਆਲਾਂ**
**ਵਲਵਲਿਆਂ**
**ਰੀਝਾਂ**



1 *Somebody became a Bairagi (recluse), somebody a Sannyasi (mendicant). Somebody a Yogi, somebody a Brahmchari (student observing celibacy) and someone is considered a celibate.*
*Someone is Hindu and someone a Muslim, then someone is Shia, and someone a Sunni, but all the human beings, as a species, are recognized as one and the same.*
*(Akal Ustat P10)*

All 'beings' have manifested from one divine 'light'. Our root source and inheritance are also one. Therefore, when dealing with one another, it is the moral responsibility of all to interact with sensitivity (that is tempered with) –

| | | |
|---|---|---|
| consideration | instead of | antagonism |
| friendship | instead of | enmity |
| love | instead of | hatred |
| broadmindedness | instead of | bias |
| amity | instead of | quarrels |
| joining hearts | instead of | breaking hearts |
| constructiveness | instead of | destructiveness. |

In connection with this topic, Gurbani gives us guidance as follows—

2 *Fareed, do not turn around and strike those who strike you with their fists.*
*Kiss their feet, and return to your own home. (1378)*

3 *Fareed, if you have a keen understanding, then do not write black writings against anyone else.*
*Lower your head Look beneath underneath your own collar. (1378)*

3 *Fareed, answer evil with goodness; do not wear your mind out with anger.*
*Your body shall not suffer from any disease, and you shall obtain everything. (1382)*

4 *Precious like jewels are the minds of all. To hurt them is not at all good.*
*If you desire your Beloved, then do not break anyone's heart. (1384)*

The Timeless Being has given freedom of

Thoughts
Feelings
Desires

ਨਿਸਚਿਆਂ

ਕਰਮਾਂ

ਧਰਮਾਂ

**ਦੀ ਆਜ਼ਾਦੀ ਦਿੱਤੀ ਹੋਈ ਹੈ।**

ਇਸ ਤਰ੍ਹਾਂ ਹਰ ਇਕ ਜੀਵ ਨੂੰ **ਆਪਣੇ ਨਿਸਚਿਆਂ ਅਨੁਸਾਰ 'ਧਰਮ' ਯਾ 'ਮਜ਼ਹਬ' ਧਾਰਨ,** ਅਤੇ ਉਸ ਦੇ ਅਸੂਲਾਂ ਅਨੁਸਾਰ, ਜੀਵਨ ਬਤੀਤ ਕਰਨ ਦਾ **ਭੀ 'ਹੱਕ' ਹੈ।**

ਇਸ ਲਈ, ਇਕ ਦੂਸਰੇ ਦੇ 'ਧਰਮ' ਅਤੇ 'ਸਿਧਾਂਤਾਂ' ਵਿਚ—

ਦਖ਼ਲ ਦੇਣ
ਮੁਖ਼ਾਲਫ਼ਤ ਕਰਨ
ਘਿਰਨਾ ਕਰਨ
ਤਅੱਸੁਬ ਕਰਨ
ਮਖੌਲ ਉਡਾਉਣ
ਨਿਰਾਦਰੀ ਕਰਨ

**ਦਾ ਕਿਸੇ ਨੂੰ ਕੋਈ ਹੱਕ ਨਹੀਂ ਹੈ।**

ਪਰ ਇਸ ਮਾਨਸਿਕ ਆਜ਼ਾਦੀ ਦੀ ਇਕ **ਜ਼ਰੂਰੀ ਸ਼ਰਤ ਇਹ ਹੈ,** ਕਿ ਦੂਜਿਆਂ ਦੇ ਧਾਰਮਿਕ ਖ਼ਿਆਲਾਂ, ਨਿਸਚਿਆਂ-ਸਿਧਾਂਤਾਂ ਲਈ—

**ਵਿਸ਼ਾਲਤਾ**
**ਸਹਿਨਸ਼ੀਲਤਾ**
**ਰਵਾਦਾਰੀ**
**ਆਦਰ ਭਾਉ**
**ਮਿਲ-ਵਰਤਨ**
**ਪਿਆਰ**

**ਵਾਲਾ ਵਤੀਰਾ ਹੋਣਾ ਚਾਹੀਦਾ ਹੈ।**

ਸਾਨੂੰ ਆਪਣੇ 'ਮਜ਼ਹਬੀ' ਨਿਸਚਿਆਂ ਅਤੇ ਸਿਧਾਂਤਾਂ ਨੂੰ ਹੋਰਨਾਂ ਉਤੇ **ਜ਼ਬਰਦਸਤੀ 'ਠੋਸਣ' ਦਾ ਕੋਈ ਹੱਕ ਨਹੀਂ ਹੈ।**

ਆਪਣੇ ਧਰਮ ਦੇ **ਨਿਸਚਿਆਂ ਨੂੰ ਜ਼ਬਰਦਸਤੀ ਦੂਜਿਆਂ ਉਤੇ ਠੋਸਣ ਦੇ ਭਿਆਨਕ 'ਨਤੀਜਿਆਂ' ਦੀਆਂ ਕਹਾਣੀਆਂ ਨਾਲ ਦੁਨੀਆਂ ਦਾ ਇਤਿਹਾਸ ਭਰਿਆ ਪਿਆ ਹੈ,** ਜਿਸ ਦਾ **'ਸਹਿਮ'** ਅਜੇ ਤਾਈਂ ਸੰਸਾਰ ਦੇ **ਵਾਯੂ ਮੰਡਲ ਵਿਚ ਪ੍ਰਤੀਤ ਹੁੰਦਾ ਹੈ।**



Beliefs

Actions

religions

to every one.

Therefore, every human being has the right to adopt any religion or creed according to his beliefs and live according to the principles of the faith adopted.

For this reason no one has the right to—

Interfere with
Oppose
Hate
Be biased against
Make fun of
Disgrace or show disrespect to

the 'religion' or doctrines of others.

But there is one very important condition for this mental freedom, it is that there should be –

Broadmindedness
Tolerance
Consideration
Relationship
Love

with (right) attitude towards the religious thoughts, beliefs-doctrines of others.

We have no right to force down upon others our 'religious' beliefs and doctrines.

The history of the world is full of stories of dreadful **'consequences'** of forcing down upon others the principles of one's religion the 'fear' of which is still felt in the environment of the world.

ਵਿਦਿਆ ਦੇ ਖੇਤਰ ਵਿਚ ਵਿਗਿਆਨ (science) ਅਤੇ ਕਲਾ(arts) ਦੋ ਮੁੱਖ ਭਾਗ ਹਨ। ਹਰ ਵਿਦਿਆਰਥੀ ਨੂੰ ਹੱਕ ਹੈ, ਕਿ ਉਹ ਆਪਣੀ ਰੁਚੀ ਅਨੁਸਾਰ, ਜਿਹੜਾ ਮਜ਼ਮੂਨ ਪਸੰਦ ਹੈ, ਪੜ੍ਹਨ ਲਈ ਚੁਣ ਲਵੇ। ਉਸ ਨੂੰ ਇਹ ਭੀ ਹੱਕ ਹੈ, ਕਿ ਜਿਸ ਸਕੂਲ ਜਾਂ ਕਾਲਜ ਵਿਚ ਦਾਖਲ ਹੋਣਾ ਚਾਹੁੰਦਾ ਹੈ, ਦਾਖਲ ਹੋਵੇ। ਜੇਕਰ ਇਕ ਦੂਜੇ ਦੇ 'ਮਜ਼ਮੂਨਾਂ' ਅਤੇ 'ਸਕੂਲਾਂ' ਦੀ ਬਾਬਤ, **ਵਿਤਕਰਾ ਯਾ ਵੈਰ-ਵਿਰੋਧ ਨਹੀਂ ਹੁੰਦਾ,** ਤਾਂ ਧਰਮ-ਕਰਮ ਦੇ ਨਿਸਚਿਆਂ ਅਤੇ ਸਾਧਨਾਂ ਉਤੇ ਭੀ ਕੋਈ —

ਵਿਤਕਰਾ
ਇਤਰਾਜ਼
ਦਖ਼ਲ
ਮੁਖ਼ਾਲਫ਼ਤ
ਘਿਰਨਾ
ਤਅੱਸੁਬ
ਜ਼ਬਰਦਸਤੀ
ਜ਼ੁਲਮ

ਨਹੀਂ ਹੋਣਾ ਚਾਹੀਦਾ !

ਹਰ ਇਕ ਇਨਸਾਨ ਨੂੰ ਆਪੋ-ਆਪਣੇ ਖ਼ਿਆਲਾਂ ਅਤੇ ਨਿਸਚਿਆਂ ਅਨੁਸਾਰ ਜੀਵਨ ਬਤੀਤ ਕਰਨ ਦਾ ਪੂਰਾ ਹੱਕ ਹੈ।

ਕੁਦਰਤ ਵਿਚ 'ਭਿੰਨਤਾ', ਵਿਲਖਣਤਾ ਅਤੇ 'ਅਨੇਕਤਾ' ਹੈ। ਇਹ 'ਭਿੰਨਤਾ' ਕੁਦਰਤ ਦਾ ਅੰਗ ਅਤੇ ਸ਼ਿੰਗਾਰ ਹੈ, ਜਿਸ ਨਾਲ ਕਾਇਨਾਤ, ਰੰਗ-ਬਰੰਗੇ ਰੂਪ-ਰੇਖਾਂ ਵਿਚ ਸਜੀ ਹੋਈ, 'ਰੱਬੀ'-ਜਲਵਾ' ਦਿਖਾ ਰਹੀ ਹੈ। ਕਿਤਨਾ ਸੁੰਦਰ ਹੈ ਇਹ 'ਦੂਨੀ ਸੁਹਾਵਾ ਬਾਗ', ਜੋ ਕਰਤਾਰ ਦੇ ਸਾਜੇ ਵੰਨ-ਸੁਵੰਨੇ ਫੁੱਲਾਂ ਨਾਲ ਖਿੜਿਆ ਦਿਸਦਾ ਹੈ।

"ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਇ ਨ ਕਿਸਹੀ ਜੇਹਾ ਉਪਾਇਆ ॥" (ਪੰਨਾ-੧੦੫੬)

"ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥" (ਪੰਨਾ-੨੭੫)

"ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ ॥" (ਪੰਨਾ-੬)

"ਨਾਨਾ ਰੂਪ ਨਾਨਾ ਜਾਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥
ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭ ਅਬਿਨਾਸੀ ਏਕੰਕਾਰ ॥" (ਪੰਨਾ-੨੮੪)

"ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥" (ਜਾਪੁ ਪਾ: ੧੦)



In the field of education, sciences and arts are two main parts. Each student has the right to choose the subject for his study according to his inclination. He also has the right to get admission into the school or college of his choice. If there is no discrimination or opposition about the subjects and schools of one another, then there should also be no –

Discrimination
Objection
Interference
Antagonism
Hatred
Prejudice
Force
Cruelty

on beliefs and means of religious acts.

Every human being has the full right to live his life according to his own thoughts and beliefs. In nature there is diversity, uniqueness and multiplicity. Diversity is part and decoration of nature with which the universe beautified in various colours and shapes is reflecting 'Divine splendour'. How charming is the 'splendorous world garden' which is seen blooming with the Creator's beautiful variety of flowers.

1 *My True Lord God has staged a play.*
*He has created no one like anyone else.* *(1056)*

2 *O Nanak, God created the creation, with its many ways and various species.* *(275)*

3 *He created the world, with its various colors, species of beings, and the variety of Maya.* *(6)*

4 *Many are His forms; many are His colors. Many are the appearances which He assumes, and yet He is still the One.*
*In so many ways, He has extended Himself. The Eternal Lord God is the One, the Creator.* *(284)*

5 *The ONE Himself, appearing manifold, He is manifested in numerous forms.* *(Jaap P10)*

ਇਸ ਲਈ, ਇਨਸਾਨ ਦੇ **ਖ਼ਿਆਲਾਂ ਅਤੇ ਨਿਸਚਿਆਂ ਵਿਚ ਭੀ 'ਵਿਲੱਖਣਤਾ' ਹੋਣੀ** ਕੁਦਰਤੀ ਹੈ ।

ਇਸ ਕੁਦਰਤੀ ਅਸੂਲ ਅਨੁਸਾਰ, ਇਕ-ਦੂਜੇ ਦੇ ਧਾਰਮਿਕ ਖ਼ਿਆਲਾਂ, ਨਿਸਚਿਆਂ, ਸਿਧਾਂਤਾਂ ਦੀ :—

ਨਿੰਦਿਆ ਕਰਨੀ
ਨਿਰਾਦਰੀ ਕਰਨੀ
ਵਾਦ-ਵਿਵਾਦ ਕਰਨਾ
ਮੁਖ਼ਾਲਫ਼ਤ ਕਰਨੀ
ਲੜਾਈ ਕਰਨੀ
ਝਗੜੇ ਕਰਨੇ
ਜ਼ੁਲਮ ਕਰਨੇ

ਹੀ, **'ਮਜ਼੍ਹਬੀ ਤਅੱਸੁਬ' ਹੈ ਜੋ ਕੁਦਰਤੀ ਅਸੂਲਾਂ ਦੇ ਉਲਟ ਹੈ !**

ਸਾਰੇ ਧਰਮ ਤੇ ਮਜ਼੍ਹਬ, ਇਨਸਾਨ ਨੂੰ :—

**ਦਇਆ**
**ਖਿਮਾ**
**ਨੇਕੀ**
**ਮੈਤਰੀ-ਭਾਵ**
**ਪਿਆਰ**
**ਰਵਾਦਾਰੀ**
**ਸੇਵਾ**
ਕੁਰਬਾਨੀ

**ਸਿਖਾਉਣ ਲਈ ਪ੍ਰਚਲਤ ਕੀਤੇ ਗਏ ਸਨ ।**

ਪਰ ਅਸੀਂ 'ਮਜ਼੍ਹਬੀ-ਤਅੱਸੁਬ' ਕਾਰਨ, **ਇਹਨਾਂ ਦੈਵੀ ਗੁਣਾਂ ਨੂੰ ਭੁਲ ਗਏ ਹਾਂ, ਅਤੇ ਇਹਨਾਂ ਦੇ ਐਨ 'ਉਲਟ'—**

ਵੈਰ-ਵਿਰੋਧ
ਨਫ਼ਰਤ
ਤਅੱਸੁਬ
ਲੜਾਈ
**ਝਗੜੇ**
**ਜ਼ੁਲਮ**



For this reason, it is natural for the existence of 'variation' in the thoughts and beliefs of man.

According to this natural rule—

Slandering
Disgracing
Debating
Antagonizing
Fighting
Quarrelling
Terrorizing

of each others' religious thoughts , beliefs, principles is indeed 'religious fanaticism'.

All the religions and creeds were started to teach man—

Mercy
Tolerance
Goodness
Friendship
Love
Justness
Service
Sacrifice.

But due to 'religious fanaticism', we have forgotten these virtues, and completely 'contrary' to them, with base desires becoming absorbed in demerits of—

Enmity-opposition
Hatred
Religious prejudice
Fights
Arguments
Tyranny

**ਦੀ ਨੀਵੀਂ ਭਾਵਨਾ ਅਥਵਾ ਅਉਗੁਣਾਂ ਵਿਚ ਗਲਤਾਨ ਹੋ ਕੇ,** ਹੋਰਨਾਂ ਮਜ਼ਹਬਾਂ ਦੀ —

ਨਿਖੇਧੀ
ਬਦਨਾਮੀ
ਨਿੰਦਾ
ਹੇਠੀ
ਮੁਖ਼ਾਲਫ਼ਤ

**ਕਰਨ ਵਿਚ ਹੀ, ਆਪਣੇ ਧਰਮ ਦੀ ਵਡਿਆਈ, ਸੇਵਾ ਅਤੇ ਉਸ ਨੂੰ ਫੈਲਾਉਣ ਦਾ ਸਾਧਨ ਸਮਝੀ ਬੈਠੇ** ਹਾਂ ।

ਅਸੀਂ ਜਦ ਵੀ ਕਿਸੇ ਨਾਲ—

ਈਰਖਾ-ਦਵੈਤ
ਵੈਰ-ਵਿਰੋਧ
ਤਅੱਸੁਬ
ਨਫ਼ਰਤ
ਨੁਕਤਾਚੀਨੀ
ਨਿੰਦਾ

ਕਰਦੇ ਹਾਂ, ਤਾਂ —

ਸਾਡੇ ਮਨ ਨੂੰ **ਘਿਰਨਾ ਦਾ ਵੱਟ ਚੜ੍ਹਦਾ** ਹੈ ।

ਘਿਰਨਾ ਦਾ **ਪ੍ਰਗਟਾਵਾ** ਸਾਡੇ ਮੱਥੇ, ਅੱਖਾਂ ਅਤੇ ਚੇਹਰੇ ਉਤੇ ਹੁੰਦਾ ਹੈ ।

**ਮਨ ਮਲੀਨ** ਹੋ ਜਾਂਦਾ ਹੈ ।

**ਬੁਧੀ ਭਰਿਸ਼ਟ** ਹੋ ਜਾਂਦੀ ਹੈ ।

**'ਨਿਰਣਾ-ਸ਼ਕਤੀ' ਗੰਧਲੀ** ਹੋ ਜਾਂਦੀ ਹੈ ।

**ਕ੍ਰੋਧ ਦੇ ਭਾਂਬੜ 'ਮੱਚ'** ਪੈਂਦੇ ਹਨ ।

ਇਹ **ਤਅੱਸੁਬ ਅਤੇ ਘਿਰਨਾ ਦੀਆਂ ਕਿਰਨਾਂ ਦੂਜੇ ਪਾਸੇ ਜਾ ਕੇ ਅਸਰ ਕਰਦੀਆਂ** ਹਨ ।

ਤਾਂ ਘਿਰਨਾ ਅਤੇ ਤਅੱਸੁਬ ਦੀ **ਅੱਗ ਭੜਕ ਉਠਦੀ** ਹੈ ।

ਦੂਜੇ ਪਾਸੇ ਦੀਆਂ **ਘਿਰਨਾ ਦੀਆਂ ਕਿਰਨਾਂ 'ਮੁੜ' ਸਾਡੇ ਕੋਲ ਵਾਪਸ ਆਉਂਦੀਆਂ ਹਨ ।**

**ਘਿਰਨਾ ਅਤੇ ਤਅੱਸੁਬ ਦਾ ਅਮੁੱਕ ਜ਼ਹਰੀਲਾ ਚੱਕਰ** (vicious circle) **ਚਲਦਾ ਰਹਿੰਦਾ ਹੈ ।**



we are—

Disgracing
Disparaging
Slandering
Insulting
Antagonizing

other religions and regard this as a means of praising, serving and propagating our own religion.

Whenever we show—

Jealousy-duality
Enmity-opposition
Prejudice
Hatred
Criticism
Slander

towards others, then—

Our mind experiences the twist of hatred

The expression of hatred appears on our forehead, face and in our eyes

Our mind becomes filthy

Intellect is defiled

Analytical power becomes blurred

Flames of anger are lighted

These rays of fanaticism and hatred affect the other side

Then the fire of hatred and fanaticism blazes up

The rays of hatred of the other side 'come back' to us

The continuous vicious circle of hatred and fanaticism goes on and on.

L108.8

ਇਸ ਤਰ੍ਹਾਂ ਮਜ਼ਹਬੀ ਤਅੱਸੁਬ ਅਤੇ **ਘਿਰਨਾ ਦੇ ਭਾਂਬੜ** (communal hatred) ਦਿਲਾਂ ਵਿਚ, ਪ੍ਰਵਾਰਾਂ ਵਿਚ, ਮੁਹੱਲਿਆਂ, ਪਿੰਡਾਂ, ਸ਼ਹਿਰਾਂ, ਮੁਲਕਾਂ ਅਤੇ ਵਿਸ਼ਵ ਭਰ ਵਿਚ **ਬਹੁਤ ਤੇਜ਼ੀ ਨਾਲ ਫੈਲ ਕੇ, ਅਤਿਅੰਤ ਜਾਨ-ਮਾਲ ਦੀ ਤਬਾਹੀ ਦਾ ਕਾਰਨ ਬਣਦੇ ਹਨ।**

ਇਹ **ਤਅੱਸੁਬ ਅਤੇ ਘਿਰਨਾ ਦੀ ਅੱਗ,** ਜਦੋਂ **'ਮਜ਼ਹਬਾਂ' ਅਤੇ ਧਾਰਮਿਕ ਅਸਥਾਨਾਂ ਨੂੰ 'ਲੱਗ' ਜਾਵੇ,** ਤਾਂ **ਕਿਆਮਤ ਹੀ ਵਾਪਰ ਜਾਂਦੀ ਹੈ** !!!

ਇਸ ਤਰ੍ਹਾਂ ਅਖੌਤੀ ਧਰਮੀਆਂ ਅਤੇ ਧਾਰਮਿਕ ਠੇਕੇਦਾਰਾਂ ਨੇ, 'ਆਪੂੰ ਸਹੇੜੀ ਹੋਈ ਗਿਲਾਨੀ ਨਾਲ, ਆਪਣੇ ਹੀ 'ਧਰਮ', 'ਮਜ਼ਹਬ' ਅਤੇ 'ਦੀਨ' ਨੂੰ —

ਮਲੀਨ
ਭ੍ਰਸ਼ਟਿਆ
ਪਖੰਡ
ਫੋਕਾ

**ਬਣਾ ਛਡਿਆ ਹੈ। 'ਤਅੱਸੁਬ ਦੀ ਅੱਗ' ਨੇ ਧਾਰਮਿਕ ਅਸਥਾਨਾਂ ਅਤੇ ਸੰਸਥਾਵਾਂ ਵਿਚ ਭੀ —**

**ਦਵੈਤ**
**ਨਫ਼ਰਤ**
**ਈਰਖਾ**
**ਵੈਰ-ਵਿਰੋਧ**
**ਹਉਮੈ**
**ਮੈ-ਮੇਰੀ**
**ਸੁਆਰਥ**
**ਹਿੰਸਾ**

**ਦੇ ਭਾਂਬੜ ਬਾਲ ਰੱਖੇ ਹਨ। ਇਹਨਾਂ ਭਾਂਬੜਾਂ ਵਿਚ ਧਾਰਮਿਕ ਆਗੂ ਆਪ ਭੀ ਸੜਦੇ ਹਨ, ਅਤੇ ਜੋ ਨੇੜੇ ਜਾਂਦਾ ਹੈ ਉਸ ਨੂੰ ਭੀ ਸਾੜ ਰਹੇ ਹਨ।**

ਸਾਡੇ ਧਾਰਮਿਕ-ਤਅੱਸੁਬ ਦਾ ਓਪਰਾ ਜਿਹਾ ਉਦਾਹਰਣ ਨਿਜੀ ਤਜਰਬੇ ਤੋਂ ਦਿਤਾ ਜਾਂਦਾ ਹੈ।

ਸਫ਼ਰ ਵਿਚ ਕੁਝ ਸਿਖ ਸੰਗਤਾਂ ਇਕੱਠੀਆਂ ਬੈਠੀਆਂ ਸਨ। ਉਨ੍ਹਾਂ ਵਿਚ ਗੁਰਬਾਣੀ **ਦੇ ਕਿਸੇ**



In this way these flames of religious fanaticism and communal hatred spreading extremely fast in hearts, families, regions, villages, towns, countries and the world become the cause of the destruction of tremendous amount of life and property.

When 'religions' and 'religious places' catch this fire of fanaticism and hatred, then truly a great calamity takes place!!!

In this way the so-called religious people and religious contractors have made their own 'religion', 'creed' and 'belief' –

Filthy
Defiled
Hypocritical
Hollow

with self-created hatred. The 'fire of fanaticism' has also lighted flames of—

Duality
Hatred
Jealousy
Enmity-opposition
Egotism
Me-miness
Selfishness
Violence

in religious places and societies. Not only religious leaders get burnt in these flames but anyone who goes near is also burnt.

A strange example of our religious-fanaticism from personal experience is being given.

While travelling, some Sikhs were sitting together. A discussion of Gurbani started among

ਆਸ਼ੇ ਤੇ ਵਿਚਾਰ ਸ਼ੁਰੂ ਹੋ ਗਈ । ਸਾਰੇ ਗੁਰਬਾਣੀ ਵਿਚਾਰ ਸੁਣ ਕੇ —

ਰੱਬੀ ਏਕਤਾ

ਸ਼ਰਧਾ ਭਾਵਨੀ

ਬਾਣੀ ਦੇ ਅਦਬ

ਸਿਖੀ ਦੇ ਪਿਆਰ

ਗੁਰੂ ਦੇ ਪ੍ਰੇਮ

ਦੀ ਇਕ **'ਪਿਆਰ-ਤਾਰ' ਵਿਚ ਪਰੋਤੇ ਗਏ,** ਅਤੇ ਬਾਣੀ ਦਾ ਰਸ ਮਾਣਦੇ ਰਹੇ ।

ਪਰ ਜਦ ਵਕਤੇ ਨੇ ਦਸਿਆ, ਕਿ ਉਸ ਨੇ ਫਲਾਨੇ ਡੇਰੇ ਤੋਂ ਇਹ ਗਿਆਨ ਸਿਖਿਆ ਹੈ, ਤਾਂ ਬਾਕੀ ਸਾਰਿਆਂ **ਦੇ ਚੇਹਰੇ ਤੋਂ ਉਹ** —

**ਚਾਉ**

ਰਸ

ਰੰਗ

ਸ਼ਰਧਾ

ਭਾਵਨਾ

ਪਿਆਰ

ਦੀ **'ਝਲਕ' ਉਡ ਗਈ,** ਅਤੇ ਉਹਨਾਂ ਵਿਚ ਜੇਹੜੀ **'ਪਿਆਰ ਦੀ ਤਾਰ' ਬਣੀ ਸੀ,** ਉਹ ਫ਼ੌਰਨ **ਟੁੱਟ ਗਈ,** ਅਤੇ ਉਹਨਾਂ ਦੀ **'ਸ਼ਰਧਾ ਅਤੇ ਚਾਉ', 'ਰੁੱਖੇਪਨ' ਵਿਚ ਬਦਲ ਗਿਆ।** ਇਸ ਦਾ ਕਾਰਨ ਇਹ ਸੀ, ਕਿ ਉਹ ਆਪੋ-ਆਪਣੀ ਸੰਪ੍ਰਦਾ ਨੂੰ ਹੀ ਸਰਵੋਤਮ ਸਮਝਦੇ ਸਨ। ਦੂਸਰੀ ਕਿਸੇ ਸੰਪ੍ਰਦਾ ਦੀ **ਵਡਿਆਈ ਨੂੰ ਉਹ ਸਹਾਰ ਨ ਸਕੇ ।** ਅਸਲ ਵਿਚ ਉਹ—

**'ਮੂਲ ਛੋਡਿ ਡਾਲੀ ਲਗਹਿ'**

ਵਾਲੀ **ਧਾਰਮਿਕ ਅਵਸਥਾ ਵਿਚ ਵਿਚਰਦੇ** ਸਨ । ਜਦੋਂ ਉਹਨਾਂ ਨੂੰ ਪਤਾ ਲਗਾ, ਕਿ 'ਵਕਤਾ' **ਦੂਜੇ 'ਫ਼ਿਰਕੇ'** ਨਾਲ ਸੰਬੰਧ ਰਖਦਾ ਹੈ ਤਾਂ ਉਹ **ਆਪਸ ਵਿਚ ਇਕ ਦੂਜੇ ਲਈ 'ਪਰਾਏ' ਬਣ ਗਏ ।**

ਇਸ ਤਰ੍ਹਾਂ ਅਸੀਂ **ਦੂਸਰੇ ਫ਼ਿਰਕਿਆਂ ਅਤੇ ਧਰਮਾਂ** ਦੇ **ਲਿਬਾਸ ਨੂੰ ਦੇਖਦੇ ਹੀ, ਨਫ਼ਰਤ ਨਾਲ ਭਰ ਜਾਂਦੇ ਹਾਂ** ਅਤੇ ਫਿਰ ਉਹਨਾਂ ਦੀ **ਨਿੰਦਿਆ** ਕਰਨੀ ਸ਼ੁਰੂ ਕਰ ਦਿੰਦੇ ਹਾਂ ।

ਇਸ ਤਰ੍ਹਾਂ ਸਾਡੇ ਮਨਾਂ ਅੰਦਰ **'ਤਅੱਸੁਬ ਦੀ ਅਗਨੀ'** ਭੜਕ ਉਠਦੀ ਹੈ ।



them on some subject. Having heard the Gurbani discussion, they were strung in one 'love-wire' of –

Divine union

Faith-filled desire

Respect of Bani

Love of Sikhi

Affection of Guru

and were enjoying the relish of Bani.

But when the spokesman said that he gained this knowledge from a certain dera (seminary), then that 'shine' of –

Eagerness

Relish

Love

Faith

Desire

Affection

disappeared from the faces of the others and the 'wire of love' in which they were threaded snapped at once and their 'faith and eagerness' changed in to indifference or apathy'. The reason for this was that they were regarding their respective denominations as superior. They were unable to tolerate the praise of another denomination. In fact they were passing through the religious stage of—

***' Those who abandon the roots and cling to the branches,….'***

When they came to know that the 'speaker' is associated with another 'faction', they became 'strangers' for each other.

Thus just seeing the dress of other denominations and religions fills us up with hatred and then we start slandering them.

In this way the 'fire of fanaticism' flares up in our minds.

L108.10

ਜਿਹਾ ਕਿ —

"ਜਬ ਧਾਰੈ ਕੋਊ ਬੈਰੀ ਮੀਤੁ ॥
ਤਬ ਲਗੁ ਨਿਹਚਲੁ ਨਾਹੀ ਚੀਤੁ ॥" (ਪੰਨਾ-੨੭੮)

"ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸਦਾ ਕਦੇ ਨ ਹੋਵੀ ਭਲਾ ॥" (ਪੰਨਾ-੩੦੮)

"ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥" (ਪੰਨਾ-੩੮੬)

"ਛਾਡਿ ਵਿਡਾਣੀ ਤਾਤਿ ਮੂੜੇ ॥
ਈਹਾ ਬਸਨਾ ਰਾਤਿ ਮੂੜੇ ॥" (ਪੰਨਾ-੮੮੯)

**ਪਿਆਰ ਤੋਂ ਪਿਆਰ ਉਪਜਦਾ** ਹੈ ਅਤੇ **ਨਫ਼ਰਤ ਤੋਂ ਨਫ਼ਰਤ ਉਪਜਦੀ** ਹੈ।

"Love begets love, hate begets hate."

**ਇਹ ਕੁਦਰਤੀ ਅਸੂਲ ਅਟੱਲ** ਹਨ —

"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥" (ਪੰਨਾ-੧੩੪)

'As you sow so shall you reap."

ਇਸ ਲਈ **'ਤਅੱਸੁਬ' ਅਤੇ ਨਫ਼ਰਤ'** ਤੋਂ —

**'ਤਅੱਸੁਬ' ਅਤੇ 'ਨਫ਼ਰਤ'**
**ਉਪਜਣੀ ਲਾਜ਼ਮੀ** ਹੈ।

ਸਾਡੇ ਖ਼ਿਆਲ —**ਦੋ ਧਾਰੀ ਤਲਵਾਰ ਦੀ ਨਿਆਈਂ ਹਨ** —

ਚੰਗੇ ਯਾ ਮਾੜੇ (good or bad)
ਉਸਾਰੂ ਯਾ ਢਾਹੂ (constructive or destructive)
ਪਿਆਰ ਯਾ ਨਫ਼ਰਤ (love or hate)
ਰਵਾਦਾਰੀ ਯਾ ਤਅੱਸੁਬ (co-existence or bigotry)
ਸਹਿਨਸ਼ੀਲਤਾ ਯਾ ਮੁਕਾਬਲਾ (conciliation or confrontation)

ਪਰ ਅਸਾਂ ਆਪਣੀ ਅਗਿਆਨਤਾ ਵਿਚ, **'ਦੈਵੀ ਗੁਣਾਂ' ਨੂੰ ਭੁਲ ਕੇ, ਰਾਖਸ਼ੀ ਅਉਗਣ ਧਾਰ ਲਏ ਹਨ।** ਇਸ ਤਰ੍ਹਾਂ ਸਾਰੀ ਦੁਨੀਆਂ ਵਿਚ **ਤਅੱਸੁਬ ਦੇ ਭਾਂਬੜ ਮੱਚ ਰਹੇ ਹਨ,** ਅਤੇ **ਦੁਖੀ ਹੋਈ ਜਨਤਾ ਤ੍ਰਾਹ-ਤ੍ਰਾਹ ਕਰ ਰਹੀ** ਹੈ।

ਅਤਿਅੰਤ ਦੁਖ ਵਾਲੀ ਗਲ ਤਾਂ ਇਹ ਹੈ, ਕਿ ਇਹ ਸਭ—

**ਨਫ਼ਰਤ**
**ਈਰਖਾ**
**ਵੈਰ-ਵਿਰੋਧ**



Just as—

1 *As long as he considers one an enemy, and another a friend,*
*his mind shall not come to rest.* *(278)*

2 *One whose heart is filled with jealousy of others, never comes to any good.* *(308)*

3 *Do not harbor evil intentions against others in your mind,*
*and you shall not be troubled, O Siblings of Destiny, O friends.* *(386)*

4 *Give up your envy of others, you fool!*
*You only live here for a night, you fool!* *(889)*

**'Love begets love, hate begets hate'**

This natural law is eternal—

5 *'As you sow so shall you reap'* *(134)*

Therefore it is unavoidable to beget

Fanaticism and hatred
from
Fanaticism and hatred.

Our thoughts are like a double-edged sword—

Good or bad
Constructive or destructive
Love or hate
Co-existence or bigotry
Conciliation or confrontation.

But in our ignorance, having forgotten 'Divine virtues', we have adopted demonic vices. Therefore, flames of fanaticism are blazing in the whole world and the suffering masses are wailing in agony.

The very regretful thing is that all this

Hatred
Jealousy
Enmity-opposition

ਲੜਾਈਆਂ
ਜਹਾਦ
ਧਰਮ-ਯੁੱਧ
ਅਕਹਿ ਤਸੀਹੇ
ਅਸਹਿ ਜ਼ੁਲਮ

**'ਮਜ਼ਹਬੀ-ਤਅੱਸੁਬ' ਦੇ ਜ਼ਹਰੀਲੇ ਜੋਸ਼ ਵਿਚ, 'ਧਰਮ'** ਦੇ ਨਾਉਂ **ਤੇ ਕੀਤੇ ਜਾਂਦੇ ਹਨ ।**

ਆਮ ਜਨਤਾ ਤਾਂ ਭੋਲੀ ਭਾਲੀ ਸੋਝੀ-ਹੀਨ ਤੇ 'ਪਿੱਛੇ ਲੱਗ' ਹੁੰਦੀ ਹੈ, ਪਰ ਇਹਨਾਂ ਦੇ ਮਾਨਸਿਕ ਜੋਸ਼ ਨੂੰ, 'ਮਜ਼ਹਬੀ-ਤਅੱਸੁਬ' ਦਾ **'ਲਾਂਬੂ' ਲਾਕੇ ਭੜਕਾਉਣ** ਵਾਲੇ--

ਅੰਧ-ਵਿਸ਼ਵਾਸੀ ਧਾਰਮਿਕ ਆਗੂ
ਸੁਆਰਥੀ ਸਿਆਸੀ ਲੀਡਰ
ਪੱਖ-ਪਾਤੀ ਪੱਤਰਕਾਰ

**ਹੀ ਹੁੰਦੇ ਹਨ,** ਜੋ ਕਿ ਤਅੱਸੁਬ ਦੇ ਭਾਂਬੜਾਂ ਵਿਚ, ਭੋਲੀ-ਭਾਲੀ ਲੋਕਾਈ ਨੂੰ **ਧਕੇਲ ਕੇ, ਆਪਣਾ ਸੁਆਰਥ ਪੂਰਾ ਕਰਦੇ ਹਨ,** ਅਤੇ 'ਆਪ' ਪਿਛੇ ਹਟ ਕੇ ਤਮਾਸ਼ਾ ਦੇਖਦੇ ਹਨ !!

ਹੈਰਾਨੀ ਵਾਲੀ ਗਲ ਹੈ, ਕਿ :—

ਅਨੇਕਾਂ ਧਰਮਾਂ
ਧਰਮ ਪ੍ਰਚਾਰ
ਉਚੇਰੀ ਵਿਦਿਆ
ਵਿਗਿਆਨ
ਆਧੁਨਿਕ ਸਭਿਅਤਾ
ਸਮਾਜਵਾਦ (socialism)

ਦੀ ਅਤਿਅੰਤ **ਤਰੱਕੀ ਅਤੇ ਪ੍ਰਫੁਲਤਾ ਦੇ ਹੁੰਦਿਆਂ ਹੋਇਆਂ ਭੀ, 'ਮਜ਼ਹਬੀ-ਤਅੱਸੁਬ' ਦੇ ਭਾਂਬੜ—ਘਟਣ ਦੀ ਬਜਾਇ, ਵਧਦੇ ਜਾ ਰਹੇ ਹਨ** !!

ਇਸਦਾ ਮੁਢਲਾ ਕਾਰਨ ਇਹ ਹੈ, ਕਿ ਅਸੀਂ ਗੁਰਬਾਣੀ ਦੇ ਹੇਠਲੇ ਉਪਦੇਸ਼ਾਂ ਤੋਂ ਅਵੇਸਲੇ ਅਤੇ ਬੇਮੁਖ ਹੋ ਗਏ ਹਾਂ —

'ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ (ਪੰਨਾ-੪੭੪)

'ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰਿ ਜਨਾ ॥' (ਪੰਨਾ-੪੩੩)

'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥' (ਪੰਨਾ-੧੩੪)



Fights
Crusades
Religious-fights
Indescribable tortures
Unbearable cruelty

are carried out in a vicious rage of 'religious fanaticism' in the name of 'religion'.

The ordinary masses are simple, without awareness and are (blind) followers but those who instigate them by using the 'torch' of 'religious fanaticism' to arouse their mental rage are indeed –

Religious leaders with blind faith
Selfish political leaders
Partial journalists or journalists taking sides

who pushing the simple masses into the flames of fanaticism fulfill their own selfish agenda and remain behind watching the drama!!

The surprising thing is that despite the existence of so much progress and development of –

Many religions
Religious preaching
Higher education
Science
Socialism

the flames of 'religious fanaticism' are increasing instead of decreasing!!

The basic reason for this is that we have become indifferent and defiant towards the following teachings of Gurbani—

*1 Why do you do such evil deeds, that you shall have to suffer so?* (474)

*2 Whatever I did, for that I have suffered; I do not blame anyone else.* (433)

*3 As she has planted, so does she harvest; such is the field of karma.* (134)

'ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ ।।' (ਪੰਨਾ-੪੭੦)

ਇਸ ਦੀਰਘ ਅਤੇ ਭਿਆਨਕ **ਅਗਿਆਨਤਾ** ਨੂੰ ਦੂਰ ਕਰਨ ਲਈ, ਅਤੇ **'ਮਜ਼ਹਬੀ-ਤਅੱਸਬੁ' ਦੇ ਮਾਰੂ ਜ਼ਹਿਰ ਯਾ ਤਪਦੇ 'ਭਾਂਬੜਾਂ' ਤੋਂ ਬਚਣ ਦਾ** ਗੁਰਬਾਣੀ **ਵਿਚ, ਇਕੋ-ਇਕ ਸਾਧਨ**

**'ਹਰਿ ਨਾਮੁ'** ਹੀ ਦਸਿਆ ਗਿਆ ਹੈ ।

"ਸਰਬ ਧਰਮ ਮਹਿ ਸ੍ਰੇਸਟ ਧਰਮੁ ।।
**ਹਰਿ ਕੋ ਨਾਮੁ ਜਪਿ** ਨਿਰਮਲ ਕਰਮੁ ।।" (ਪੰਨਾ-੨੬੬)

"ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ।।
ਤੁਝੈ ਨ ਲਾਗੈ ਤਾਤਾ ਝੋਲਾ ।।" (ਪੰਨਾ-੧੭੯)

"ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ।।" (ਪੰਨਾ-੧੨੯੧)

"ਕਲਿ ਤਾਤੀ ਠਾਂਢਾ ਹਰਿ ਨਾਉ ।।" (ਪੰਨਾ-੨੮੮)

"ਮਿਟ ਗਏ ਬੈਰ ਭਏ ਸਭ ਰੇਨ ।।
ਅੰਮ੍ਰਿਤ ਨਾਮੁ ਸਾਧਸੰਗਿ ਲੈਨ ।।" (ਪੰਨਾ-੨੯੫)

ਬਿਸਰਿ ਗਈ ਸਭ ਤਾਤਿ ਪਰਾਈ ।।
ਜਬ ਤੇ ਸਾਧਸੰਗਤਿ ਮੋਹਿ ਪਾਈ ।। ਰਹਾਉ ।।
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ।। (ਪੰਨਾ-੧੨੯੯)

ਸੰਸਾਰ ਦੇ ਸਾਰੇ ਧਰਮ ਇਹ ਦ੍ਰਿੜ ਕਰਾਉਂਦੇ ਹਨ, ਕਿ **'ਰੱਬ' ਇਕ ਹੈ ।** ਪਰ ਉਸਦੇ ਸੰਤਾਂ, ਭਗਤਾਂ, ਮਹਾਂਪੁਰਸ਼ਾਂ ਦਾ **ਆਦਰ-ਭਾਉ ਅਤੇ ਸੇਵਾ, ਕਰਨੀ ਲੋੜੀਂਦੀ ਹੈ,** ਅਤੇ ਉਸ ਦੀ **ਖ਼ਲਕਤ ਨਾਲ ਮੈਤ੍ਰੀ-ਭਾਵ ਨਾਲ** ਰਹਿਣਾ **ਚਾਹੀਦਾ ਹੈ ।**

ਪਰ **ਮਜ਼ਹਬੀ-ਤਅੱਸੁਬ ਦੇ ਪਾਗਲਪਨ ਵਿਚ**

"ਆਪਿ ਨ ਦੇਹਿ ਚੁਰੂ ਭਰਿ ਪਾਨੀ ।।
ਤਿਹ ਨਿੰਦਹਿ ਜਿਹ ਗੰਗਾ ਆਨੀ ।।" (ਪੰਨਾ-੩੩੨)

ਅਨੁਸਾਰ, ਮਹਾਂਪੁਰਸ਼ਾਂ ਅਤੇ ਨਿਰਦੋਸ਼ ਲੋਕਾਈ ਦੀ, **ਸ਼ਰ੍ਹੇ-ਆਮ, ਅੰਨ੍ਹੇ ਜੋਸ਼ ਵਿਚ, ਨਿੰਦਾ ਕੀਤੀ ਜਾਂਦੀ ਹੈ ।** ਐਸੇ ਨਿੰਦਕਾਂ ਦੀ **ਨਿਖੇਧੀ ਕਰਨ ਦਾ ਭੀ ਕਿਸੇ ਨੂੰ ਹੌਂਸਲਾ ਨਹੀਂ ਪੈਂਦਾ !**

ਐਸੇ **ਤਅੱਸੁਬੀ ਦਿਵਾਨਿਆਂ** (Religious–fanatics) ਨੂੰ ਗੁਰਬਾਣੀ ਇਉਂ **ਤਾੜਨਾ ਕਰਦੀ ਹੈ—**

"ਸੰਤ ਕੀ ਨਿੰਦਾ ਨਾਨਕਾ
ਬਹੁਰਿ ਬਹੁਰਿ ਅਵਤਾਰ ।।" (ਪੰਨਾ-੨੭੯)



*1 He obtains the rewards of his good and bad deeds. (470)*

One and only one means of avoiding this chronic and dreadful ignorance and escaping from the dreadful fatal poison or hot 'flames' 'of 'religious fanaticism' is mentioned in Gurbani.

It is HAR NAAM (THE LORD'S NAME).

2 *Of all religions, the best religion*
*is to chant the Name of the Lord and maintain pure conduct (266)*

3 *O my mind, hold tight to the Support of the Lord's Name.*
*The hot winds shall never even touch you. (179)*

4 *The world is on fire; the Name of the Lord is cooling and soothing. (1291)*

5 *The Dark Age of Kali Yuga is so hot; the Lord's Name is soothing and cool.(288)*

6 *Hatred is gone, and I have become the dust of all.*
*I have received the Ambrosial Naam in the Company of the Holy. (295)*

7 *I have totally forgotten my jealousy of others,*
*since I found the Saadh Sangat, the Company of the Holy.*
*No one is my enemy, and no one is a stranger. I get along with everyone.(1299)*

All the religions of the world are ingraining (in man) that there is one 'God' and it is necessary to respect and serve His saints, devotees, great souls and live in friendship with His people.

But in the madness of religious fanaticism according to –

8 *They do not offer even a handful of water,*
*while they slander the one who brought forth the Ganges. (332)*

spiritually evolved souls and innocent people are generally slandered in blind emotion. No one has the courage to humble such slanderers.

Such religious-fanatics are warned in Gurbani thus—

9 *One who slanders the Saints, O Nanak,*
*shall be reincarnated over and over again. (279)*

"**ਸੰ**ਤਨ ਦੁਖ ਪਾਏ ਤੇ ਦੁਖੀ ॥
**ਸੁ**ਖ ਪਾਏ ਸਾਧੂਨ ਕੇ ਸੁਖੀ ॥" (ਚੌ:ਪਾ: ੧੦)

"**ਜੋ** ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ ॥" (ਪੰਨਾ-੬੮੧)

ਗੁਰ**ਮੁ**ਖ ਸਿਉ ਮਨਮੁਖ ਅੜੈ ਡੁਬੈ ਹਕਿ ਨਿਆਇ ॥ (ਪੰਨਾ-੧੪੮)

ਕਿ**ਸੇ** ਧਰਮ ਯਾ ਮਜ਼ਹਬ ਦੇ ਪੈਰੋਕਾਰਾਂ ਨੂੰ ਜਦੋਂ **'ਤਅੱਸੁਬ' ਦੀ ਰੰਗਤ ਯਾ 'ਪਾਣ' ਚੜ੍ਹ ਜਾਵੇ** ਤਾਂ,

**'ਧਾਰਮਿਕ ਗੁਣਾਂ' ਦੇ**

**ਐਨ ਉਲਟ,**

**ਮਜ਼ਹਬੀ ਤਅੱਸੁਬ ਦੇ 'ਜ਼ਹਿਰ' ਦੁਆਰਾ—**

ਵੈਰ
ਵਿਰੋਧ
ਨਫ਼ਰਤ
ਲੜਾਈ
ਈਰਖਾ
ਕ੍ਰੋਧ
ਕੱਟੜਤਾ
ਦਵੈਤ
ਹੰਕਾਰ
ਸਾੜਾ
ਜਬਰ
ਖੂਨ ਖਰਾਬਾ
ਜ਼ੁਲਮ
ਧਰਮ ਦੀ ਨਿੰਦਾ,



1 *When the holy people are in distress, you are pained*
*You are pleased to see them in comfort.* *(chau P10)*

2 *Whoever harms Your devotees, You destroy in an instant.* *(681)*
3
3 *If the self-willed manmukhs fight with the Gurmukh, they are condemned by the Lord, the True Judge.* *(148)*

When the disciples of a religion or creed are coloured or 'starched' with fanaticism, then

Contrary to

Religious virtues

through the 'poison' of religious fanaticism—

Enmity
Opposition
Hatred
Fighting
Jealousy
Anger
Extremism
Duality
Ego
Envy
Oppression
Blood-shed
Cruelty
Religious slander

ਆਦਿ **ਰਾਖਸ਼ੀ-ਅਉਗੁਣ**, ਸਮੁਚੇ ਜਗਤ ਵਿਚ **ਪ੍ਰਵੇਸ਼ ਕਰ ਜਾਂਦੇ ਹਨ**, ਜਿਸ ਨਾਲ ਸੰਸਾਰ ਵਿਚ **ਮਾਇਕੀ-ਅੱਗ ਦੇ ਭਾਂਬੜ, ਸਭ ਨੂੰ ਆਪਣੀ ਲਪੇਟ ਵਿਚ ਲੈ ਲੈਂਦੇ ਹਨ** । ਅਜਿਹੀ ਸਥਿਤੀ ਵਿਚ, **ਕੋਈ ਵਿਰਲਾ**, ਸੁਭਾਗਾ ਹੀ, ਪ੍ਰਭੂ ਮੇਹਰ ਸਦਕਾ **ਮਜ਼ਹਬੀ ਤਅੱਸੁਬ ਦੇ ਸੇਕ ਤੋਂ ਬਚਦਾ ਹੈ**—

**"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ**
**ਕੋਈ ਹਰਿਆ ਬੂਟੁ ਰਹਿਓ ਹੀ ॥"** (ਪੰਨਾ-੩੮੪)

ਜਦ ਗੁਆਂਢੀਆਂ ਯਾ ਪਰਦੇਸੀਆਂ ਦੀ ਰਹਿਣੀ, ਬਹਿਣੀ, ਬੋਲੀ ਅਤੇ ਰਸਮੋ-ਰਿਵਾਜ ਤੇ ਸਾਨੂੰ ਕੋਈ **ਇਤਰਾਜ਼ ਨਹੀਂ ਹੁੰਦਾ**, ਤਾਂ ਉਹਨਾਂ ਦੇ 'ਧਰਮ' ਅਤੇ ਧਾਰਮਿਕ ਕਰਮ-ਕਿਰਿਆ ਪ੍ਰਤੀ ਭੀ, ਫਿਰ ਸਾਡੇ ਅੰਦਰ **'ਸਹਿਨਸ਼ੀਲਤਾ'** ਅਤੇ ਵਿਸ਼ਾਲਤਾ (tolerance), **ਜ਼ਰੂਰ ਹੋਣੀ ਚਾਹੀਦੀ ਹੈ ।**

**'ਸਹਿਣਸ਼ੀਲਤਾ' ਧਾਰਮਿਕ ਗੁਣ ਹੈ**, ਸਹਿਨਸ਼ੀਲਤਾ ਤੋਂ ਬਗੈਰ, ਬਾਹਰਲੇ ਮਾਇਕੀ ਅਸਰ ਦੁਆਰਾ, ਸਾਡੀ ਹਉਮੈ **ਜੋਸ਼ ਵਿਚ ਆ ਜਾਂਦੀ ਹੈ** ਅਤੇ **ਵੈਰ-ਵਿਰੋਧ ਦਾ ਕਾਰਨ ਬਣਦੀ ਹੈ ।**

ਜਦ ਹਰ ਇਕ ਇਨਸਾਨ ਨੂੰ ਆਪੋ ਆਪਣੀਆਂ ਰੀਝਾਂ, ਸੁਆਦ ਅਤੇ ਖਿਆਲਾਂ ਅਨੁਸਾਰ, ਖਾਣ, ਪੀਣ, ਪਹਿਨਣ, ਕੰਮ ਕਰਨ, ਆਰਾਮ ਯਾ ਮਨੋਰੰਜਨ ਦੀ ਆਜ਼ਾਦੀ ਹੈ —ਤਾਂ ਹਰ ਇਕ ਨੂੰ ਆਪਣੇ ਨਿਸਚਿਆਂ ਅਨੁਸਾਰ, **ਧਰਮ ਦੀ 'ਮਨੌਤ' ਅਤੇ ਕਮਾਈ ਕਰਨ ਦੀ ਭੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ ।**

'ਧਰਮ', ਹਰ ਇਕ 'ਮਨੁਖ' ਦਾ **'ਨਿਜੀ'** (private) ਹੱਕ ਹੈ । ਜਿਸ ਵਿਚ ਇਕ-ਦੂਜੇ ਨੂੰ **ਦਖ਼ਲ ਦੇਣ ਦਾ ਕੋਈ ਹੱਕ ਨਹੀਂ** । ਜੇ ਦੂਜੇ ਦੇ 'ਧਰਮ' ਵਿਚ ਦਖ਼ਲ ਦੇਣਾ **'ਨਾਜਾਇਜ਼' ਹੈ, ਤਾਂ 'ਮੁਖ਼ਾਲਫ਼ਤ' ਕਰਨੀ ਯਾ ਈਰਖਾ, ਦਵੈਤ, ਵੈਰ-ਵਿਰੋਧ ਕਰਨਾ 'ਅਧਿਆਤਮਿਕ ਪਾਪ' ਹੈ ।**

ਪਰਮਾਤਮਾ ਸਾਡੇ ਸਾਰੇ—ਅਉਗਣ ਦੇਖਦਾ ਤੇ ਜਾਣਦਾ ਹੋਇਆ ਭੀ, ਸਾਨੂੰ ਪਾਲਦਾ ਪਿਆਰਦਾ ਅਤੇ ਸਾਰ-ਸਮਾਲਦਾ ਹੈ ।

"ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥...
ਰੋਜੀ ਹੀ ਰਾਜ਼ ਬਿਲੋਕਤ ਰਾਜਕ
ਰੋਖ ਰੁਹਾਨ ਕੀ ਰੋਜੀ ਨ ਟਾਰੈ ॥" (ਤ੍ਵਪ੍ਰਸਾਦਿ ਸ੍ਵੱਯੇ ਪਾ: ੧੦)

ਇਸ ਤਰ੍ਹਾਂ, ਧਰਮ ਭੀ, ਸਾਨੂੰ **'ਦੇਖ ਕੇ ਅਣਡਿਠ'** ਅਤੇ **'ਸੁਣ ਕੇ ਅਣਸੁਣਾ' ਕਰਨ ਲਈ ਪ੍ਰੇਰਨਾ ਦਿੰਦਾ ਹੈ ।**

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ (ਪੰਨਾ-੧੩੮੨)



etc., demonic demerits enter the whole world as a result of which the flames of materialistic-fire in the whole world take all into their clasp. In such a situation only the rare, lucky one with God's mercy escapes the heat of religious fanaticism.

1 *The forest fire has burnt down so much of the grass;*
*how rare are the plants which have remained green.* *(384)*

As we have no objection to the living style, language, customs-traditions of neighbours or foreigners, so also we should have tolerance and broadmindedness with regard to their 'religion' and religious rites-rituals.

Tolerance is a religious virtue. Without tolerance, through external materialistic influence, our ego becomes emotional and turns into the cause of enmity-opposition.

As everyone has the freedom to follow his interests, taste and thoughts, (and) eat, drink, dress, work, rest, enjoy himself--so also everyone should have full freedom of practicing and cultivating his religion according to his beliefs.

'Religion' is the private right of everyone in which no one has the right to interfere. If interfering in the 'religion' of others is 'unjust'', then 'opposing' or showing jealousy, duality, enmity-opposition is a 'spiritual sin'.

The Supreme Soul seeing and knowing our demerits, nurtures us, loves us and takes care of us.

2 *The Merciful Lord of the Lowly and the treasure of Mercy sees their blemishes, but doth not fail in His Bounty........*
*The Provider-Lord always sees our secrets, even then in anger He doth not stop His munificence.* *(Tav Parsad swaye P10)*

Thus religion too encourages us to overlook the shortcomings of others.

3 *Fareed, answer evil with goodness; do not fill your mind with anger.*
*Your body shall not suffer from any disease, and you shall obtain everything. (1382)*

ਇਸ ਲਈ ਲੋਕਾਂ ਦੇ **ਅਉਗਣ ਚਿਤਾਰਨੇ** ਯਾ **ਨਿੰਦਿਆ-ਨਫ਼ਰਤ ਕਰਨੀ, ਧਰਮੁ ਦੇ ਉਲਟ ਹੈ।**

"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥" (ਪੰਨਾ-੭੫੫)

"ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕ ਅਗਨੀ ਮਾਹਿ ਜਲਾਵੈ ॥" (ਪੰਨਾ-੩੭੩)

"ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥" (ਪੰਨਾ-੨੫੯)

"ਪਰ ਕਾ ਬੁਰਾ ਨ ਰਾਖਹੁ ਚੀਤਿ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥" (ਪੰਨਾ-੩੮੬)

"ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥" (ਪੰਨਾ-੭੫੬)

"ਵਵਾ ਵੈਰ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥" (ਪੰਨਾ-੨੫੯)

[ਚਲਦਾ...]



Therefore, deliberating upon the demerits of others or slandering others, showing hatred towards others is opposed to religion.

1 *It is not good to slander anyone, but the foolish, self-willed manmukhs still do it.* (755)

2 *Like the dragon, the slanderer carries his huge, useless loads, and burns in his own fire.* (373)

3 *Do not be angry with anyone else; look within your own self instead.*
*Be humble in this world, O Nanak, and by His Grace you shall be carried across.* (259)

4 *Do not harbour evil intentions against others in your mind,*
*and you shall not be troubled, O Siblings of Destiny, O friends.* (386)

5 *Indecision leads to ruin; focus your attention on the One Lord.* (756)

6 *WAWWA: Do not harbor hatred against anyone.*
*In each and every heart, God is contained.* (259)

Cont. ...Lekh 109